6-4-15

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-5 ਸ਼ਾਖਾ)

**<u>ਅਧਿਸੂਚਨਾ</u>**

ਮਾਰਚ, 2015

ਪਿੱਠ ਅੰ: ਨੰ: 10/1/2014-4ਸਿੱ5/ -ਪੰਜਾਬ ਦੇ ਰਾਜਪਾਲ ਪ੍ਰਸੰਨਤਾਪੂਰਵਕ ਸਰਕਾਰ ਦੇ ਪੱਤਰ ਨੰ: 10/1/2014-4ਸਿੱ5/ 354829/1-5 ਮਿਤੀ 28.11.2014 ਰਾਹੀਂ ਗਠਿਤ ਹਾਈ ਪਾਵਰ ਕਮੇਟੀ ਦੀ ਮਿਤੀ 18.02.2015 ਨੂੰ ਹੋਈ ਮੀਟਿੰਗ ਦੌਰਾਨ ਹਾਈ ਪਾਵਰ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਮੱਦੇ-ਨਜ਼ਰ ਪ੍ਰਾਈਵੇਟ ਸਕੂਲਾਂ ਦੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ +1 ਅਤੇ +2 ਦੇ ਐਸ.ਸੀ. ਅਤੇ ਬੀ.ਸੀ./ਓ.ਬੀ.ਸੀ. ਵਿਦਿਆਰਥੀਆਂ ਦੀਆਂ ਫੀਸਾਂ ਦੀਆਂ ਪ੍ਰਤੀ ਪੂਰਤੀਆਂ ਸੰਬਧੀ ਹੇਠ ਲਿਖੇ ਅਨੁਸਾਰ ਪ੍ਰਵਾਨਗੀ ਦਿੰਦੇ ਹਨ:-

ੳ) ਸਰਕਾਰ ਵੱਲੋਂ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਦੀਆਂ ਪ੍ਰਤੀ-ਪੂਰਤੀਆਂ ਦੇ ਕਲੇਮ ਨੂੰ ਰੁਪਏ 2760/- ਤੋਂ ਰੁਪਏ 28,000/- ਪ੍ਰਤੀ ਸਾਲ ਤੱਕ ਹੀ ਪ੍ਰਵਾਨ ਕੀਤੇ ਜਾਣਗੇ। ਫਿਰ ਵੀ ਜਿਹਨਾਂ ਪ੍ਰਾਈਵੇਟ ਸਕੂਲਾਂ ਵੱਲੋਂ ਲਈ ਜਾਂਦੀ ਮੌਜੂਦਾ ਫੀਸ ਘੱਟ ਰੇਂਜ ਅਧੀਨ ਹੈ, ਨੂੰ ਬਿਨ੍ਹਾਂ ਕਿਸੇ ਕਾਰਨ ਫੀਸ ਨੂੰ ਉਪਰਲੀ ਸੀਮਾ ਵੱਲ ਵਧਾਉਣ ਦੀ ਖੁੱਲ ਨਹੀਂ ਦਿੱਤੀ ਜਾਵੇਗੀ। ਕਿਸੇ ਵੀ ਸਕੂਲ ਵੱਲੋਂ ਫੀਸਾਂ ਨੂੰ ਬਿਨ੍ਹਾਂ ਕਿਸੇ ਕਾਰਨ ਵਧਾਉਣ ਜਾਂ ਬਦਲਣ ਸੰਬਧੀ ਸ਼ਿਕਾਇਤਾਂ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਗਠਿਤ ਕਮੇਟੀ ਵੱਲੋਂ ਵਿਚਾਰਿਆ ਜਾਵੇਗਾ। ਇਸ ਤਰ੍ਹਾਂ ਭਲਾਈ ਵਿਭਾਗ ਦੇ ਪੋਸਟ ਮੈਟ੍ਰਿਕ ਐਸ.ਸੀ. ਸਕੀਮ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਅਦਰ ਬੈਕਵਰਡ ਕਲਾਸਿਜ਼ (ਓ.ਬੀ.ਸੀ.) ਸਕੀਮ ਅਧੀਨ +1 ਅਤੇ +2 ਦੀਆਂ ਨਾਨ ਰਿਫੰਡੇਬਲ ਕੰਪਲਸਰੀ ਫੀਸਾਂ ਦੀਆਂ ਪ੍ਰਤੀ-ਪੂਰਤੀਆਂ ਲਈ ਫੀਸਾਂ ਦੇ ਕਲੇਮ ਵੱਧ ਤੋਂ ਵੱਧ ਰੁਪਏ 28,000/- ਪ੍ਰਤੀ ਸਾਲ ਤੱਕ ਜਾਂ ਦੋਹਾਂ ਵਿੱਚੋਂ ਜੋ ਘੱਟ ਹੈ, ਦੀ ਪ੍ਰਤੀ-ਪੂਰਤੀ ਕੀਤੀ ਜਾਵੇ।

ਅ) ਇਸ ਤਰ੍ਹਾਂ ਤਹਿ ਕੀਤੀਆਂ ਫੀਸਾਂ ਵਿੱਚ ਹਰ 2 ਸਾਲ ਬਾਅਦ ਰੀਵਿਊ ਕੀਤਾ ਜਾਵੇਗਾ। ਫੀਸਾਂ ਦੇ ਕਲੇਮ ਦੀ ਚੈਕਿੰਗ ਅਤੇ ਸਿਫਾਰਸ਼ ਲਈ ਜਿਲ੍ਹਾ ਸਿੱਖਿਆ ਅਫਸਰਾਂ ਦੀ ਜਿੰਮੇਵਾਰੀ ਹੋਵੇਗੀ।

2. ਇਹ ਪ੍ਰਵਾਨਗੀ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਜੀ ਦੇ ਹੁਕਮ ਮਿਤੀ 11.03.2015 ਅਤੇ ਮਿਤੀ 18.03.2015 ਦੇ ਆਧਾਰ ਤੇ ਜਾਰੀ ਕੀਤੀ ਜਾਂਦੀ ਹੈ।

ਮਿਤੀ, ਚੰਡੀਗੜ੍ਹ:
30.03.2015

ਸੀ.ਰਾਉਲ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੱਠ ਅੰ: ਨੰ: 10/1/2014-4ਸਿੱ5/ 452194/1
ਮਿਤੀ, ਚੰਡੀਗੜ੍ਹ: 1/4/15

ਉਪਰੋਕਤ ਦਾ ਉਤਾਰਾ ਕੰਟਰੋਲਰ, ਪ੍ਰੀਟਿੰਗ ਤੇ ਸਟੇਸ਼ਨਰੀ, ਪੰਜਾਬ ਵਿਭਾਗ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਦੀਆਂ 500 ਕਾਪੀਆਂ ਦਫਤਰੀ ਵਰਤੋਂ ਲਈ ਛਾਪ ਕੇ ਭੇਜਣ ਦੀ ਖੇਚਲ ਕੀਤੀ ਜਾਵੇ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਪਿੱਠ ਅੰ: ਨੰ: 10/1/2014-4ਸਿੱ5/ 452194/2-5
ਮਿਤੀ, ਚੰਡੀਗੜ੍ਹ: 1/4/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ, ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਕੰਪ: ਫੇਸ-8, ਅਜੀਤਗੜ੍ਹ (ਮੋਹਾਲੀ)।
2. ਡਾਇਰੈਕਟਰ, ਸਿੱਖਿਆ ਵਿਭਾਗ (ਐਲੀ.ਸਿੱ.), ਪੰਜਾਬ, ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਕੰਪ: ਫੇਸ-8, ਅਜੀਤਗੜ੍ਹ (ਮੋਹਾਲੀ)।
3. ਡਿਪਟੀ ਡਾਇਰੈਕਟਰ, ਪ੍ਰਾਈਵੇਟ ਏਡਿਡ ਸਕੂਲ।
4. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ.ਨਗਰ**

**(ਵਜੀਫਾ ਸਾਖਾ)**

ਪਿਠ ਅੰਕਣ ਨੰ: 20/3-2014 ਵਜੀਫਾ (2) ਮਿਤੀ 8-4-15

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1 ਸਮੂਹ ਮੰਡਲ ਸਿੱਖਿਆ ਅਫਸਰ (ਸੈ:ਸਿ)
2 ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ)
3 ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ, ਭਲਾਈ ਵਿਭਾਗ , ਸੈਕਟਰ -34, ਚੰਡੀਗੜ੍ਹ।

8/4/15
ਵਿਸੇਸ ਕਾਰਜ ਅਫਸਰ (ਵਜੀਫਾ)